ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਮੰਡੀਕਰਨ ਸ਼ਾਖਾ)

ਵੱਲ

1) ਪ੍ਰਬੰਧਕ ਨਿਰਦੇਸ਼ਕ,
ਮਾਰਕਫੈਡ, ਪੰਜਾਬ, ਚੰਡੀਗੜ੍ਹ।

2) ਸਟੇਟ ਮਾਰਕੀਟਿੰਗ ਮੈਨੇਜਰ, (ਪੰਜਾਬ),
ਇਫਕੋ, ਚੰਡੀਗੜ੍ਹ।

3) ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ ਖੇਤਰ ਵਿੱਚ।

ਮੀਮੋ ਨੰ: ਰਸਸ/ਮੰਡੀ:/ਨ.ਖ./ਨੀਤੀ/ਸਾਉਣੀ 2014/2305-07
ਚੰਡੀਗੜ੍ਹ ਮਿਤੀ: 14/03/2014

ਵਿਸ਼ਾ:- ਸਹਿਕਾਰੀ ਸਭਾਵਾਂ ਵੱਲੋ ਖਾਦ ਦੀ ਵੰਡ ਸਬੰਧੀ ਨੀਤੀ ਜਾਰੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਹਿਕਾਰੀ ਸਭਾਵਾਂ ਰਾਹੀਂ ਖਾਦ ਆਦਿ ਦੀ ਵੰਡ ਕਰਨ ਸਬੰਧੀ ਨੀਤੀ ਇਸ ਪੱਤਰ ਨਾਲ ਨੱਥੀ ਕਰਕੇ ਆਪ ਨੂੰ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਇਸ ਦੀ ਇੰਨ-ਬਿਨੰ ਪਾਲਣਾ ਯਕੀਨੀ ਬਣਾਈ ਜਾਵੇ।

ਨੱਥੀ :ਉਕਤ ਅਨੁਸਾਰ।

ਵਧੀਕ ਰਜਿਸਟਰਾਰ (ਜੀ)

ਪਿੱਠ ਅੰਕਣ ਨੰ:ਰਸਸ/ਮੰਡੀ/ਨ.ਖ./ਨੀਤੀ/ 2308-14

ਮਿਤੀ: 14/3/14

ਉਪਰੋਕਤ ਦਾ ਉਤਾਰਾ:

1. ਨਿੱਜੀ ਸਕੱਤਰ,ਵਿੱਤੀ ਕਮਿਸਨਰ (ਸਹਿਕਾਰਤਾ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸਨਰ, (ਸਹਿਕਾਰਤਾ) ਜੀ ਦੀ ਜਾਣਕਾਰੀ ਹਿੱਤ।

2. ਨਿੱਜੀ ਸਕੱਤਰ,ਵਿੱਤੀ ਕਮਿਸ਼ਨਰ (ਵਿਕਾਸ) ਪੰਜਾਬ ਸਰਕਾਰ, ਨੂੰ ਮਾਨਯੋਗ ਵਿੱਤੀ ਕਮਿਸ਼ਨਰ (ਵਿਕਾਸ) ਜੀ ਦੀ ਜਾਣਕਾਰੀ ਹਿੱਤ।
3. ਨਿੱਜੀ ਸਹਾਇਕ,ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ੍ਹ ਨੂੰ ਮਾਨਯੋਗ ਰ.ਸ.ਸ ਜੀ ਦੀ ਜਾਣਕਾਰੀ ਹਿੱਤ।
4. ਪ੍ਰਬੰਧਕ ਨਿਰਦੇਸ਼ਕ,ਦੀ ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ ਨੂੰ ਜਰੂਰੀ ਕਾਰਵਾਈ ਅਤੇ ਜਾਣਕਾਰੀ ਹਿੱਤ।
5. ਪ੍ਰਬੰਧ ਨਿਰਦੇਸ਼ਕ,ਪੰਨਕੋਫੈਡ,ਪੰਜਾਬ ਚੰਡੀਗੜ੍ਹ ਨੂੰ ਲੋੜੀਦੀ ਕਾਰਵਾਈ ਲਈ।
6. ਡਾਇਰੈਕਟਰ ਖੇਤੀਬਾੜੀ,ਪੰਜਾਬ ਚੰਡੀਗੜ੍ਹ ਨੂੰ ਸੂਚਨਾ ਹਿੱਤ।
7. ਪ੍ਰਬੰਧ ਨਿਰਦੇਸ਼ਕ/ਮੈਨੇਜਰ ਸਮੂਹ ਕੇਂਦਰੀ ਸਹਿਕਾਰੀ ਬੈਂਕ ਪੰਜਾਬ ਰਾਜ ਵਿੱਚ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ।

ਵਧੀਕ ਰਜਿਸਟਰਾਰ (ਜੀ)

ਲਈਂ ਪੰਜਾਬ ਸਰਕਾਰ ਦੇ ਮੌਗਜ਼ ਦੇ ਮੰਡੀਬਾੜੀ ਵਿਕਾਸ ਪੰਜਾਬ ਅਤੇ ਮਾਰਕਫੈਡ ਪੰਜਾਬ

ਵਿਸ਼ਾ: ਸਾਉਣੀ/ਹਾੜ੍ਹੀ ਦੌਰਾਨ ਸਹਿਕਾਰੀ ਸੰਸਥਾਵਾਂ ਰਾਂਹੀ ਖਾਦ ਦੇ ਪ੍ਰਬੰਧ ਅਤੇ ਵਿਤਰਣ ਸਬੰਧੀ ਪਾਲਿਸੀ

1) **ਪਿਛੋਕੜ**

1.1 ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਰਾਜ ਦੀ ਕੁੱਲ ਵਸੋਂ ਦੇ 67% ਲੋਕ ਖੇਤੀ ਅਤੇ ਸਹਿਯੋਗੀਧੰਦਿਆਂ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਜੁੜੇ ਹੋਏ ਹਨ। ਖੇਤੀ ਦੀ ਉਤਪਾਦਕਤਾ ਅਤੇ ਫਸਲਾਂ ਦੇ ਸਹੀ ਝਾੜ ਵਾਸਤੇ ਲੋੜੀਂਦੇ ਖਾਦ, ਦਵਾਈਆਂ ਅਤੇ ਹੋਰ ਇੰਨਪੁਟਸ ਦੀ ਵਧੀਆ ਕੁਆਲਿਟੀ, ਲੋੜੀਂਦੀ ਮਿਕਦਾਰਅਤੇ ਸਮੇ ਸਿਰ ਸਪਲਾਈ ਦੀ ਬਹੁਤ ਮਹੱਤਤਾ ਹੈ। ਪ੍ਰੰਤੂ ਬਹੁਤ ਸਾਰੇ ਕਾਰਨਾਂ ਦੀ ਵਜ੍ਹਾ ਨਾਲ ਖਾਦ ਦੀ ਸਪਲਾਈ ਵਿੱਚ ਉਤਰਾਅ-ਚੜ੍ਹਾ ਆਉਂਦਾ ਰਹਿੰਦਾ ਹੈ ਜਿਸ ਨਾਲ ਕਈ ਵਾਰ ਲੋੜੀਂਦੀ ਮਾਤਰਾ ਅਤੇ ਸਮੇਂ ਸਿਰ ਕਿਸਾਨਾਂ ਨੂੰ ਖਾਦ ਮਿਲਣ ਵਿੱਚ ਮੁਸ਼ਕਲ ਆਉਂਦੀ ਰਹਿੰਦੀ ਹੈ। ਅਜਿਹੀ ਸੂਰਤ ਨੂੰ ਨਜਿੱਠਣ ਲਈ ਸਹਿਕਾਰਤਾ ਵਿਭਾਗ ਵੱਲੋ ਪਿਛਲੇ ਕਈ ਸਾਲਾਂ ਤੋ ਮਾਰਕਫੈਡ ਤੇ ਇਫਕੋ ਰਾਹੀਂ ਸਹਿਕਾਰੀ ਸਭਾਵਾਂ ਨੂੰ ਖਾਦ ਸਪਲਾਈ ਕੀਤੀ ਜਾ ਰਹੀ ਹੈ।ਇਸ ਪ੍ਰਬੰਧ ਅਧੀਨਕਿਸਾਨਾਂ ਨੂੰ ਨਾ ਸਿਰਫ ਸਮੇਂ ਸਿਰਖਾਦ ਮਿਲਦੀ ਰਹੀ ਹੈ ਸਗੋਂ ਬਜਾਰ ਵਿੱਚ ਵੀ ਖਾਦ ਦੀ ਕੀਮਤ ਸਥਿਰ ਰੱਖਣ ਵਿੱਚ ਵੀ ਸਹਾਇਤਾ ਮਿਲਦੀ ਰਹੀ ਹੈ।ਪਿਛਲੇ ਕਈ ਸਾਲਾਂ ਤੋਂ ਸਹਿਕਾਰਤਾ ਵਿਭਾਗ ਵਲੋਂ ਸਭਾਵਾਂ ਦੇ ਮੈਂਬਰ-ਕਿਸਾਨਾਂ ਨੂੰ ਦਿੱਤੀ ਜਾ ਰਹੀ ਇਸ ਸਹੂਲੀਅਤ ਨਾਲ ਕਿਸਾਨਾਂ ਨੂੰ ਬਹੁਤ ਲਾਭ ਹੋਇਆ ਹੈ।

1.2 ਰਾਸ਼ਟਰੀ ਪੱਧਰ ਤੇ ਡੀ.ਏ.ਪੀ. ਖਾਦ ਦੀ ਹਰ ਸਾਲ ਤਕਰੀਬਨ 77.00 ਲੱਖ ਮੀ.ਟਨ ਖਾਦ ਦੀ ਮਾਤਰਾ ਲੋੜੀਦੀ ਹੈ ਜਦੋਂ ਕਿ ਇੰਡਸਟਰੀ ਵੱਲੋ ਹਰ ਸਾਲ ਲੱਗਭਗ 40.00 ਲੱਖ ਮੀ.ਟਨ ਖਾਦ ਦੇ ਉਤਪਾਦਨ ਦੀ ਸਮਰੱਥਾ ਹੈ। ਬਾਕੀ ਰਹਿੰਦੀ ਮਾਤਰਾ ਦਾ ਦੇਸ਼ ਵਿੱਚ ਬਾਹਰਲੇ ਮੁਲਕਾਂ ਤੇ ਮੰਗਵਾਈ ਜਾਂਦੀ ਹੈ। ਡੀ.ਏ.ਪੀ ਖਾਦ ਭਾਰਤ ਸਰਕਾਰ ਵੱਲੋ 21-8-1992 ਤੋ ਬਾਅਦ ਡੀ-ਕੰਟਰੋਲ ਹੋ ਚੁੱਕਾ ਹੈ ਪ੍ਰੰਤੂ ਇਸ ਦੀ ਸਪਲਾਈ ਵਿੱਚ ਘਾਟ ਨੂੰ ਵੇਖਦੇ ਹੋਏ DOF ( ਖਾਦ ਵਿਭਾਗ) ਖੇਤੀਬਾੜੀ ਮੰਤਰਾਲੇ, ਭਾਰਤ ਸਰਕਾਰ ਵੱਲੋ ਇਸ ਦੀ ਸਹੀ ਵੰਡ ਲਈ ਹਰ ਮਹੀਨੇ ਇਸ ਦੀ ਮੂਵਮੈਂਟ ਐਲੋਕੇਟ ਕੀਤੀ ਜਾਂਦੀ ਹੈ ।

1.3 ਇਸੇ ਤਰ੍ਹਾਂ ਯੂਰੀਆ ਖਾਦ ਦੀ ਵੀ ਰਾਸਟਰ ਪੱਧਰ ਤੇ 300 ਲੱਖ ਮੀ.ਟਨ ਦੀ ਮੰਗ ਦੇ ਵਿਰੁੱਧ ਖਾਦ ਇੰਡਸਟਰੀ ਦੇ ਉਤਪਾਦਨ ਦੀ ਸਮਰੱਥਾ 200 ਲੱਖ ਮੀ.ਟਨ ਹੈ। ਯੂਰੀਆ ਖਾਦ Essential Commodities Act, 1954 ਹੇਠਾਂ ਇੱਕ ਕੰਟਰੋਲਡ ਆਈਟਮ ਹੈ ਜਿਸ ਦੀ ਵੰਡ ਅਤੇ ਮੂਵਮੈਂਟ ਵੀ ਭਾਰਤ ਸਰਕਾਰ ਵੱਲੋ ਕੰਟਰੋਲ ਕੀਤੀ ਜਾਂਦੀ ਹੈ।

1.4 ਸੂਬੇ ਵਿੱਚ ਸਮੇਂ ਸਿਰ ਲੋੜੀਂਦੀ ਮਿਕਦਾਰ ਵਿੱਚ ਖਾਦ ਦੀ ਸਪਲਾਈ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੇ ਪੱਧਰ ਤੇ ਖੇਤੀਬਾੜੀ ਵਿਭਾਗ ਪੰਜਾਬ ਅਤੇ ਮਾਰਕਫੈਡ ਪੰਜਾਬ ਵੱਲੋ ਰਾਸਟਰ ਪੱਧਰ ਦੇ ਵੱਖ ਵੱਖ ਖਾਦਾਂ ਦੇ ਉਤਪਾਦਕਾਂ/ਸਪਲਾਇਰਜ, ਭਾਰਤ ਸਰਕਾਰ ਦੇ ਸਬੰਧਤ ਮਹਿਕਮਿਆਂ ਨਾਲ ਤਾਲਮੇਲ ਕਰਨਾ ਪੈਂਦਾ ਹੈ, ਕਿਉਂਜੋ ਇਹ ਕੰਮ ਸਭਾਵਾਂ

ਅਤੇ ਕਿਸਾਨ ਆਪਣੀ ਪੱਧਰ ਤੇ ਨਹੀਂ ਕਰ ਸਕਦੇ। ਪੂਰੇ ਸੂਬੇ ਵਿੱਚ ਹਰ ਫਸਲ ਲਈ ਥੋੜੇ ਜਿਹੇ ਸਮੇਂ ਵਿੱਚ ਵੱਡੀ ਮਿਕਦਾਰ ਵਿੱਚ ਖਾਦ ਦੀ ਸਪਲਾਈ ਯਕੀਨੀ ਬਣਾਉਣ ਦਾ ਇਹ ਅਹਿਮ ਕੰਮ ਇਕ ਨੀਤੀਗਤ ਵਿਵਸਥਾ ਦੇ ਤਹਿਤ ਹੀ ਨੇਪੜੇ ਚਾੜ੍ਹਿਆ ਜਾ ਸਕਦਾ ਹੈ।

2 **ਉਦੇਸ਼**

ਉਪਰੋਕਤ ਦੱਸੀ ਸਥਿਤੀ ਅਤੇ ਪਿਛੋਕੜ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਨੀਤੀ ਹੇਠ ਲਿਖੇ ਉਦੇਸ਼ਾਂ ਦੀ ਪੂਰਤੀ ਲਈ ਜਾਰੀ ਕੀਤੀ ਜਾਂਦੀ ਹੈ:-

2.1.1 ਸਹਿਕਾਰੀ ਸਭਾਵਾਂ ਰਾਹੀਂ ਸਭਾਵਾਂ ਦੇ ਮੈਂਬਰ-ਕਿਸਾਨਾਂ ਨੂੰ ਵੱਧ ਤੋਂ ਵੱਧ ਖਾਦ ਦੀ ਸਪਲਾਈ ਕਰਨਾ।

2.1.2 ਸਭਾਵਾਂ ਦੇ ਮੈਂਬਰ-ਕਿਸਾਨਾਂ ਨੂੰ ਵਾਜਬ ਰੇਟ ਤੇ ਖਾਦ ਦੀ ਸਪਲਾਈ ਕਰਨਾ।

2.1.3 ਸਭਾਵਾਂ ਰਾਹੀਂ ਚੰਗੇ ਮਿਆਰ ਦੀ ਖਾਦ ਸਪਲਾਈ ਕਰਨਾ।

2.1.4 ਸਭਾਵਾਂ ਨੂੰ ਖਾਦ ਦੀ ਸਪਲਾਈ ਸਮੇਂ ਸਿਰ ਪਹੁੰਚਾਉਣਾ।

3 **ਉਦੇਸ਼ਾਂ ਦੀ ਪ੍ਰਾਪਤੀ ਲਈ ਪ੍ਰੀਕਿਆ**

3.1 ਪੰਜਾਬ ਦੇ ਕਿਸਾਨਾਂ ਦੀ ਖਾਦ ਦੀ ਕੁੱਲ ਮੰਗ ਦੇ ਤਕਰੀਬਨ 40-50% ਹਿੱਸੇ ਦੀ ਪੂਰਤੀ ਸਹਿਕਾਰੀ ਵਿਭਾਗ ਵੱਲੋ ਸਹਿਕਾਰੀ ਅਦਾਰਿਆਂ ਅਤੇ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਰਾਹੀਂ ਕੀਤੀ ਜਾਂਦੀ ਰਹੀ ਹੈ। ਸਹਿਕਾਰੀ ਖੇਤਰ ਵੱਲੋ ਪਿਛਲੇ ਸਾਲਾਂ ਦੌਰਾਨ ਤਕਰੀਬਨ 12 ਲੱਖ ਮੀ.ਟਨ ਯੂਰੀਆ ਅਤੇ 4.50 ਲੱਖ ਮੀ.ਟਨ ਡੀ.ਏ.ਪੀ ਦੀ ਸਲਾਨਾਂ ਸਪਲਾਈ ਸਹਿਕਾਰੀ ਸਭਾਵਾਂ ਰਾਹੀਂ ਆਪਣੇ ਮੈਂਬਰ-ਕਿਸਾਨਾਂ ਨੂੰ ਕੀਤੀ ਜਾਂਦੀ ਰਹੀ ਹੈ। ਸਹਿਕਾਰੀ ਖੇਤਰ ਵੱਲੋ ਕੀਤੀ ਜਾਣ ਵਾਲੀ ਸਪਲਾਈ ਦੀ ਇਸ ਮਿਕਦਾਰ ਨੂੰ ਬਰਕਰਾਰ ਰੱਖਦੇ ਹੋਏ ਇਸ ਨੂੰ ਹੋਰ ਵਧਾਉਣ ਦੀ ਜ਼ਰੂਰਤ ਹੈ।

3.2 ਇੰਨੀ ਜਿਆਦਾ ਮਿਕਦਾਰ ਵਿੱਚ ਖਾਦ ਦੀ ਸਮੇਂ ਸਿਰ ਸਪਲਾਈ ਨੂੰ ਤਾਂ ਹੀ ਯਕੀਨੀ ਬਣਾਇਆ ਜਾ ਸਕਦਾ ਹੈ ਜੇਕਰ ਸਟਾਕ ਦਾ ਅਗਾਊਂ ਭੰਡਾਰਨ (ਐਡਵਾਂਸ ਸਟਾਕਿੰਗ) ਕੀਤਾ ਜਾਵੇ। ਇਸ ਲਈ ਸਬੰਧਤ ਏਜੰਸੀਆਂ ਨੂੰ ਆਰਡਰ ਪਲੇਸ ਕਰਨਾ, ਐਡਵਾਂਸ ਪੇਮੈਂਟ ਕਰਨਾ, ਸਮੁੱਚੇ ਰਾਜ ਵਾਸਤੇ ਮੂਵਮੈਂਟ ਪਲਾਨ ਤਿਆਰ ਕਰਨਾ ਅਤੇ ਖਾਦ ਦੇ ਅਗਾਊਂ ਭੰਡਾਰਨ ਦਾ ਪ੍ਰਬੰਧ ਕਰਨਾ ਆਦਿ ਜਰੂਰੀ ਹੈ। ਕਿਉਂਕਿ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਆਪਣੇ ਆਪਣੇ ਪੱਧਰ ਤੇ ਇੰਨੀ ਵੱਡੀ ਖਾਦ ਦੀ ਮਾਤਰਾ ਦੀ ਖਰੀਦ ਅਤੇ ਸਮੇ ਸਿਰ ਸਪਲਾਈ ਨੂੰ ਯਕੀਨੀ ਨਹੀ ਬਣਾ ਸਕਦੀਆਂ, ਇਸ ਲਈ ਮਾਰਕਫੈਡ ਪੰਜਾਬ,ਜੋ ਕਿ ਸਭਾਵਾਂ ਦਾ ਅਪੈਕਸ ਮਾਰਕੀਟਿੰਗ ਅਦਾਰਾ ਹੈ, ਨੂੰ ਮੁੱਖ ਨੋਡਲ ਏਜੰਸੀ ਦੇ ਤੌਰ ਤੇ ਇਹ ਜਿੰਮੇਵਾਰੀ ਦੇਣੀ ਉਚਿਤ ਹੋਵੇਗੀ। ਇਸ ਦੇ ਨਾਲ ਹੀ ਇਫਕੋ ਅਤੇ ਇਸ ਪੱਧਰ ਦੀਆਂ ਦੂਜੀਆਂ ਰਾਸ਼ਟਰੀਸਹਿਕਾਰੀ ਸੰਸਥਾਵਾਂ,ਜੋ ਕਿ ਖਾਦ ਦਾ ਉਤਪਾਦਨ ਜਾਂ

import ਕਰਦੀਆਂ ਹਨ, ਨੂੰ ਵੀ ਖਾਦ ਦੀ ਸਪਲਾਈ ਲਈ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਸਭਾਵਾਂ ਦੀ ਮੰਗ ਅਨੁਸਾਰ ਖਾਦ ਦੀ ਲੋੜੀਂਦੀ ਮਾਤਰਾ ਸਭਾਵਾਂ ਨੂੰ ਸਪਲਾਈ ਕੀਤੀ ਜਾ ਸਕੇ।

3.3 ਮਾਰਕਫੈਡ ਤੋਂ ਇਲਾਵਾ ਜਿਹੜੀਆਂ ਰਾਸ਼ਟਰੀ ਪੱਧਰ ਦੀਆਂ ਸਹਿਕਾਰੀ ਸਭਾਵਾਂ ਵਲੋਂ ਮੁਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਸਿੱਧੀ ਖਾਦ ਦੀ ਸਪਲਾਈ ਕੀਤੀ ਜਾਣੀ ਹੈ ਦੇ ਬਾਰੇ ਸਰਕਾਰ ਪੱਧਰ ਤੇ ਹਰ ਸੀਜਨ ਤੋਂ ਪਹਿਲਾਂ ਫੈਸਲਾ ਲਿਆ ਜਾਵੇਗਾ। ਇਹਨਾਂ ਅਦਾਰਿਆਂ ਵਲੋਂ ਜਿਸ ਅਨੁਪਾਤ ਵਿੱਚ ਸਭਾਵਾਂ ਨੂੰ ਖਾਦ ਦੀ ਸਪਲਾਈ ਕੀਤੀ ਜਾਣੀ ਹੈ, ਦੇ ਬਾਰੇ ਵੀ ਸਰਕਾਰ ਵਲੋਂ ਹੀ ਫੈਸਲਾ ਲਿਆ ਜਾਵੇਗਾ। ਇਸ ਬਾਰੇ ਹਰ ਸੀਜ਼ਨ ਲਈ ਸਰਕਾਰ ਪਾਸੋਂ ਪ੍ਰਵਾਨਗੀ ਲੈਣ ਉਪਰੰਤ ਫੈਸਲੇ ਬਾਰੇ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵਲੋਂ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਵੇਗਾ।

## 4. <u>ਖਾਦ ਦੀ ਮੰਗ ਦੀ ਅਸੈਸਮੈਂਟ:</u>

4.1 ਹਰੇਕ ਮੁੱਢਲੀ ਖੇਤੀਬਾੜੀ ਸਹਿਕਾਰੀ ਸਭਾ ਵੱਲੋ ਆਉਣ ਵਾਲੇ ਹਾੜ੍ਹੀ/ਸਾਉਣੀ ਦੇ ਸੀਜਨ ਵਿੱਚ ਵਰਤੋ ਕੀਤੀ ਜਾਣ ਵਾਲੀ ਖਾਦ ਦੀ ਮਾਤਰਾ ਬਾਰੇ ਅਸੈਸਮੈਂਟ ਕੀਤੀ ਜਾਵੇਗੀ ਅਤੇ ਸਭਾ ਦੀ ਮੈਨੇਜਿੰਗ ਕਮੇਟੀ ਵੱਲੋ ਮਤਾ ਪਾਸ ਕਰਕੇ ਖਾਦ ਦੀ ਮੰਗ ਬਾਰੇ ਸਬੰਧਤ ਨਰੀਖਕ ਨੂੰ ਸੂਚਿਤ ਕੀਤਾ ਜਾਵੇਗਾ।

4.2 ਸਬੰਧਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਆਪਣੇ ਕਾਰਜ ਖੇਤਰ ਵਿੱਚ ਪੈਂਦੀਆਂ ਸਾਰੀਆਂ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਤੋ ਖਾਦ ਦੀ ਮੰਗ ਪ੍ਰਾਪਤ ਕਰਕੇ ਸਕੰਲਿਤ ਕਰਨ ਉਪਰੰਤ ਜਿਲ੍ਹੇ ਦੇ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਭੇਜਣਗੇ।

4.3 ਸਭਾਵਾਂ ਵੱਲੋ ਇਕੱਤਰ ਕੀਤੇ ਖਾਦ ਦੇ ਇਡੈਂਟ ਅਨੁਸਾਰ ਸਹਾਇਕ ਰਜਿਸਟਰਾਰ, ਸ/ਸ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਬੈਂਕ ਵੱਲੋ ਪ੍ਰਵਾਨਿਤ ਕੈਸ਼ ਕਰੈਡਿਟ ਲਿਮਟ ਦਾ ਵੀ ਲੋੜ ਮੁਤਾਬਿਕ ਰਿਵਿਊ ਕਰਨਗੇ ।

4.4 ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਨਿੱਜੀ ਪੱਧਰ ਤੇ ਜਿਲ੍ਹੇ ਦੇ ਸਮੂਹ ਸਹਾਇਕ ਰਜਿਸਟਰਾਰਜ ਅਤੇ ਸਬੰਧਤ ਖਾਦ ਏਜੰਸੀਆਂ/ਅਦਾਰਿਆਂ ਦੇ ਜਿਲ੍ਹਾ ਅਧਿਕਾਰੀਆਂ/ਬਰਾਂਚ ਮੈਨੇਜਰਾਂ ਦੇ ਨਾਲ ਮੀਟਿੰਗ ਕਰਕੇ ਜਿਲ੍ਹੇ ਦੀ ਮੰਗ ਨੂੰ ਵਿਸਥਾਰ ਨਾਲ ਘੋਖਣ ਉਪਰੰਤ ਫਾਈਨਲ ਕਰਨਗੇ। ਜਿਲ੍ਹਾ ਪੱਧਰ ਤੇ ਅੰਤਿਮ ਤੌਰ ਤੇ ਸਕੰਲਿਤ ਕੀਤੀ ਗਈ ਮੰਗ ਸਬੰਧਤ ਸਯੁੰਕਤ ਰਜਿਸਟਰਾਰ, ਸਹਿਕਾਰੀ ਸਭਾਵਾਂ ਰਾਹੀ ਮੁੱਖ ਦਫਤਰ ਨੂੰ ਭੇਜੀ ਜਾਵੇਗੀ।

4.5 ਸਮੂਹ ਸਯੁੰਕਤ ਰਜਿਸਟਰਾਰਜ/ਉਪ ਰਜਿਸਟਰਾਰਜ ਤੋ ਪ੍ਰਾਪਤ ਮੰਗ ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ ਦੇ ਦਫਤਰ ਵਿੱਚ ਇਕੱਤਰ ਕਰਕੇ ਸਬੰਧਤ ਏਜੰਸੀਆਂ ਨੂੰ ਸੂਚਿਤ ਕੀਤਾ ਜਾਵੇਗਾ।

4.6 ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ ਵਲੋਂ ਪੈਰ੍ਹਾ 3.3 ਵਿਚ ਲਏ ਫੈਸਲੇ ਅਨੁਸਾਰ ਸੰਸਥਾ-ਵਾਈਜ਼ ਵੰਡ ਬਾਰੇ (ਭਾਵ ਕਿਹੜੀ ਏਜੰਸੀ ਵਲੋਂ ਕਿੰਨਾ ਖ਼ਾਦ ਸਪਲਾਈ ਕੀਤਾ ਜਾਵੇਗਾ) ਹਰ ਸੀਜ਼ਨ ਲਈ ਵੱਖਰਾ ਪੱਤਰ ਜਾਰੀ ਕੀਤਾ ਜਾਵੇਗਾ।

4.7 **ਖਾਦ ਦੀ ਮੰਗ ਦੀ ਅਸੈਸਮੈਂਟ ਲਈ ਸਮਾਂ ਸਾਰਨੀ (ਟਾਈਮ ਸ਼ਡਿਊਲ ):-**

ਫਸਲ ਵਾਈਜ ਖਾਦ ਦੀ ਮੰਗ ਹੇਠ ਲਿਖੇ ਅਨੁਸਾਰ ਇਕੱਤਰ ਕੀਤੀ ਜਾਵੇਗੀ:-

| ਲੜੀ ਨੰ | ਖਾਦ ਦੀ ਮੰਗ ਇਕੱਤਰ ਕਰਨ ਦਾ ਪੱਧਰ | ਫਸਲ | ਮਿਤੀ/ਸਮਾਂ | ਫਸਲ | ਮਿਤੀ/ਸਮਾਂ |
|---|---|---|---|---|---|
| 1 | ਮੁੱਢਲੀ ਸਹਿਕਾਰੀ ਸਭਾ ਵੱਲੋ ਸ.ਰ. ਸ/ਸ ਨੂੰ ਭੇਜਣ ਦੀ ਮਿਤੀ | ਸਾਉਣੀ | 5 ਜਨਵਰੀ ਤੱਕ | ਹਾੜ੍ਹੀ | 5 ਮਈ ਤੱਕ |
| 2 | ਸਹਾਇਕ ਰਜਿਸਟਰਾਰ, ਸ/ਸ ਵੱਲੋ ਉਪ ਰਜਿਸਟਰਾਰ, ਸ/ਸ ਨੂੰ ਭੇਜਣ ਦੀ ਮਿਤੀ | ਸਾਉਣੀ | 10 ਜਨਵਰੀ ਤੱਕ | ਹਾੜ੍ਹੀ | 10 ਮਈ ਤੱਕ |
| 3 | ਉਪ/ਸਯੁੰਕਤ ਰਜਿਸਟਰਾਰਜ, ਸ/ਸ ਵੱਲੋ ਮੁੱਖ ਦਫਤਰ ਨੂੰ ਭੇਜਣ ਦੀ ਮਿਤੀ | ਸਾਉਣੀ | 18 ਜਨਵਰੀ ਤੱਕ | ਹਾੜ੍ਹੀ | 18 ਮਈ ਤੱਕ |
| 4 | ਮੁੱਖ ਦਫਤਰ ਵੱਲੋ ਮੰਗ ਫਾਈਨਲ ਕਰਨ ਦੀ ਮਿਤੀ | ਸਾਉਣੀ | 30 ਜਨਵਰੀ ਤੱਕ | ਹਾੜ੍ਹੀ | 30 ਮਈ ਤੱਕ |

5. **<u>ਖਾਦ ਦੀ ਸਪਲਾਈ ਦਾ ਸ਼ਡਿਊਲ</u>**

ਏਜੰਸੀਆਂ ਵਲੋਂ ਹੇਠ ਦਰਸਾਏ ਅਨੁਸਾਰ ਖਾਦ ਦੀ ਸਪਲਾਈ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਪਹੁੰਚਾਉਣੀ ਯਕੀਨੀ ਬਣਾਈ ਜਾਵੇਗੀ।

| ਖਾਦ | ਫਸਲ | ਸਪਲਾਈ ਏਜੰਸੀ ਨੂੰ ਅਲਾਟ. ਕੀਤੇ ਟੀਚੇ ਦੀ ਸਪਲਾਈ ਦੀ ਪ੍ਰਤੀਸਤ | ਸਲਪਾਈ ਕਰਨ ਦੀ ਮਿਤੀ |
|---|---|---|---|
| ਯੂਰੀਆ | ਸਾਉਣੀ | 30%<br>75%<br>90%<br>100% | 31 ਮਈ ਤੱਕ<br>15 ਜੂਨ ਤੱਕ<br>30 ਜੂਨ ਤੱਕ<br>31 ਜੁਲਾਈ ਤੱਕ |
| ਡੀ.ਏ.ਪੀ. | ਸਾਉਣੀ | 50%<br>80%<br>100% | 31 ਮਈ ਤੱਕ<br>15 ਜੂਨ ਤੱਕ<br>30 ਜੂਨ ਤੱਕ |
| ਐਨ.ਪੀ.ਕੇ/ ਐਸ.ਐਸ.ਪੀ/ ਹੋਰ | ਸਾਉਣੀ | 50%<br>100% | 31 ਮਈ ਤੱਕ<br>15 ਜੂਨ ਤੱਕ |
| ਯੂਰੀਆ | ਹਾੜ੍ਹੀ | 40%<br>60%<br>80%<br>100% | 1 ਅਕਤੂਬਰ ਤੱਕ<br>31 ਅਕਤੂਬਰ ਤੱਕ<br>30 ਨੰਵਬਰ ਤੱਕ<br>31 ਦਸੰਬਰ ਤੱਕ |
| ਡੀ.ਏ.ਪੀ. | ਹਾੜ੍ਹੀ | 50%<br>80%<br>100% | 1 ਅਕਤੂਬਰ ਤੱਕ<br>31 ਅਕਤੂਬਰ ਤੱਕ<br>30 ਨੰਵਬਰ ਤੱਕ |
| ਐਨ.ਪੀ.ਕੇ ਐਨ.ਪੀ.ਕੇ/ ਐਸ.ਐਸ.ਪੀ/ ਹੋਰ | ਹਾੜ੍ਹੀ | 50%<br>80%<br>100% | 1 ਅਕਤੂਬਰ ਤੱਕ<br>31 ਅਕਤੂਬਰ ਤੱਕ<br>30 ਨੰਵਬਰ ਤੱਕ |

6. **<u>ਖਾਦਾਂ ਤੇ ਦਿੱਤੇ ਜਾਣ ਵਾਲੇ ਮਾਰਜਨ ਸਬੰਧੀ</u>**

ਖਾਦ ਤੇ ਪ੍ਰਾਪਤ ਹੋਣ ਵਾਲਾ ਮਾਰਜਨ ਸਪਲਾਈ ਏਜੰਸੀਆਂ ਤੇ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਦਰਮਿਆਨ ਅਤੇ ਇਸੇ ਤਰ੍ਹਾਂ ਹੀ ਸਹਿਕਾਰੀ ਸਭਾਵਾਂ ਅਤੇ ਸਭਾਵਾਂ ਦੇ ਮੈਂਬਰਾਂ ਦਰਮਿਆਨ ਵੰਡਿਆ ਜਾਵੇਗਾ। ਇਸ ਮਾਰਜਨ ਦੀ ਵੰਡ ਸਬੰਧੀ ਅਤੇ ਹੋਰ ਇਨਸੈਂਟਿਵ ਆਦਿ ਸਬੰਧੀ ਹਦਾਇਤਾਂ ਰਜਿਸਟਰਾਰ, ਸਹਿਕਾਰੀ ਸਭਾਵਾਂ ਵੱਲੋ ਹਰ ਸੀਜਨ ਤੋ ਪਹਿਲਾਂ ਸਰਕਾਰ ਦੀ ਸਹਿਮਤੀ ਉਪਰੰਤ ਜਾਰੀ ਕੀਤੀਆਂ ਜਾਣਗੀਆਂ।